# ਮਿਡਲ ਸਕੂਲ FLASH ਦੀ ਜਾਣ-ਪਛਾਣ

ਪਿਆਰੇ ਮਾਪੇ ਅਤੇ ਸਰਪ੍ਰਸਤ,

ਤੁਹਾਡਾ ਵਿਦਿਆਰਥੀ ਜਲਦੀ ਹੀ ਸਾਡੀ ਜਮਾਤ ਵਿੱਚ ਆਪਣੀ ਜਿਨਸੀ ਸਿਹਤ ਯੂਨਿਟ ਸ਼ੁਰੂ ਕਰੇਗਾ। ਅਸੀਂ FLASH ਪਾਠਕ੍ਰਮ ਨੂੰ ਪੜ੍ਹਾਵਾਂਗੇ। FLASH ਪਾਠਕ੍ਰਮ ਦੇ ਟੀਚੇ ਹਨ ਕਮੱ ਉਮਰ ਦੇ ਗਰਭ, STDs, ਜਿਨਸੀ ਹਿੰਸਾ ਨੂੰ ਰੋਕਣਾ; ਰਿਸ਼ਤਿਆਂ ਅਤੇ ਜਿਨਸੀ ਸਿਹਤ ਵਿਸ਼ਿਆਂ ਬਾਰੇ ਪਰਿਵਾਰਕ ਸੰਚਾਰ ਵਿੱਚ ਸੁਧਾਰ ਕਰਨਾ; ਅਤੇ ਵਿਦਿਆਰਥੀਆਂ ਦੀ ਜਿਨਸੀ ਸਿਹਤ ਬਾਰੇ ਗਿਆਨ ਵਿੱਚ ਵਾਧਾ ਕਰਨਾ। FLASH, ਸੰਜਮ ਦੇ ਨਾਲ-ਨਾਲ ਕੰਡੋਮ ਅਤੇ ਜਣਨ ਕੰਟਰੋਲ ਬਾਰੇ ਸਿਖਾਉਂਦਾ ਹੈ। ਇਹ ਆਦਰਯੋਗ ਸੰਚਾਰ ਅਤੇ ਬੇਹਤਰ ਰਿਸ਼ਤ, ਕਿਵੇਂ ਬਣਾਉਣੇ ਹਣ, ਵੀ ਸਿਖਾਉਂਦਾਂ ਹੈ।

FLASH ਜਿਨਸੀ ਸਿਹਤ ਵਿਸ਼ਿਆਂ ਬਾਰੇ ਪਰਿਵਾਰਾਂ ਦੇ ਸਿਧਾਂਤਾਂ ਦਾ ਆਦਰ ਕਰਦਾ ਜਦੋਂ ਵਿਦਿਆਰਥੀ  ਸਿਧਾਂਤਾਂ ਬਾਰੇ ਸਵਾਲ ਪੁੱਛਦੇ ਹਨ, ਤਾਂ FLASH ਅਧਿਆਪਕਾਂ ਨੂੰ ਹਦਾਇਤ ਦੇਦੀ ਹੈ ਕਿ ਸਵਾਲ ਦੇ ਤੱਥਾਂ ਦਾ ਜਵਾਬ ਦਿਓ, ਉਹਨਾਂ ਨੂੰ ਦੱਸੋ ਕਿ ਲੋਕਾਂ ਦੀਆਂ ਇਸ ਵਿਸ਼ੇ ਬਾਰੇ ਬਹੁਤ ਸਾਰੀਆਂ ਵਿਭਿੰਨ ਸਿਧਾਂਤ ਹਨ, ਅਤੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਵਿਸ਼ੇਸ਼  ਸਿਧਾਂਤ ਸਿੱਖਣ ਲਈ ਪਰਿਵਾਰ ਭੇਜਦੇ ਹਨ। FLASH ਹਰੇਕ ਪਾਠ ਲਈ ਪਰਿਵਾਰਕ ਹੋਮਵਰਕ ਵੀ ਦੇਦਾ ਹੈ ਤਾਂ ਜੋ ਵਿਦਿਆਰਥੀ ਜਮਾਤ ਵਿੱਚ ਕਵਰ ਕੀਤੇ ਵਿਸ਼ਿਆਂ ਬਾਰੇ ਕਿਸੇ ਪਰਿਵਾਰਕ ਮੈਂਬਰ ਨਾਲ ਗੱਲ ਕਰ ਸਕਣ। ਵਿਦਿਆਰਥੀਆਂ ਨੂੰ ਆਪਣੇ ਪਰਿਵਾਰ ਨਾਲ ਕੀਤੀਆ ਗੱਲਾ ਨੂੰ ਸਾਂਝਾ ਕਰਨ ਲਈ  ਕਦੇ ਵੀ ਨਹੀਂ ਕਿਹਾ ਜਾਂਦਾ .ਅਸੀਂ ਉਮੀਦ ਕਰਦੇ ਹਾਂ ਕਿ ਇਹ ਤੁਹਾਡੇ ਵਾਸਤੇ ਇਕੱਠਿਆਂ ਗੱਲ ਕਰਨ ਦਾ ਇੱਕ ਸਾਰਥਕ ਮੌਕਾ ਪ੍ਰਦਾਨ ਕਰੇਗਾ।

ਮਿਡਲ ਸਕੂਲ FLASH ਪਾਠਾਂ ਨੂੰ ਹੇਠਾਂ ਸੂਚੀਬੱਧ ਕੀਤਾ ਗਿਆ ਹੈ। ਤੁਹਾਡੇ ਨਾਲ ਗੱਲ ਕਰਕੇ ਅਤੇ ਤੁਹਾਡੇ ਸਵਾਲਾਂ ਦਾ ਜਵਾਬ ਦੇ ਕੇ ਮੈਨੂੰ ਖੁਸੀ ਹੋਵੇਗੀ।

1. ਜਣਨ ਪ੍ਰਣਾਲੀ ਅਤੇ ਗਰਭ-ਅਵਸਥਾ
2. ਜਿਨਸੀ ਝੁਕਾਓ ਅਤੇ ਲਿੰਗ ਪਛਾਣ
3. ਡੇਟਿੰਗ ਦੇ ਨਿਯਮ
4. ਨਾਂ ਕਹਿਣਾ
5. STDs ਦੀ ਰੋਕਥਾਮ ਕਰਣੀ
6. HIV ਅਤੇ STDs ਦੀ ਰੋਕਥਾਮ ਲਈ ਕੰਡੋਮ
7. ਜਨਮ ਨਿਯੰਤਰਣ